ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dpise.coordination@punjabeducation.gov.in)

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ ਅਤੇ ਐਸਿ), ਪੰਜਾਬ।
2. ਸਮੂਹ ਡੀ.ਡੀ.ੳ.

ਮੀਮੋ ਨੰ. 299689/DPISE-Cord/12/2020/2025311498-499
ਮਿਤੀ: 24-10-2025

ਵਿਸ਼ਾ: ਸਿਵਲ ਰਿੱਟ ਪਟੀਸ਼ਨ 15896 ਆਫ 2023-ਸੌਰਭ ਸ਼ਰਮਾ ਬਨਾਮ ਪੰਜਾਬ ਸਰਕਾਰ ਵਿੱਚ ਹੋਏ ਫੈਸਲੇ ਦੇ ਆਧਾਰ ਤੇ ਡਿਸਪੋਜ਼ ਆਫ ਹੋਏ/ਹੋ ਰਹੇ ਕੋਰਟ ਕੇਸਾਂ ਵਿੱਚ ਮਾਨਯੋਗ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਸਬੰਧੀ।

ਹਵਾਲਾ: ਪੰਜਾਬ ਸਰਕਾਰ, ਵਿੱਤ ਵਿਭਾਗ (ਖਜ਼ਾਨਾ ਤੇ ਲੇਖਾ ਸ਼ਾਖਾ) ਦਾ ਪੱਤਰ ਨੰ. ਟੀ.ਏ./ਡੀ.ਡੀ.ਆਈ./ਡੀ.-2/2025/8805 ਮਿਤੀ 13.10.2025.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਵਿਸ਼ਾ ਅੰਕਿਤ ਮਾਮਲੇ ਸਬੰਧੀ ਕਾਰਵਾਈ ਇਨ੍ਹਾਂ ਹਦਾਇਤਾਂ ਅਨੁਸਾਰ ਕੀਤੀ ਜਾਵੇ।

ਨੱਥੀ: ਉਕਤ ਅਨੁਸਾਰ

24.10.25

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ.ਨੰ: ਉਕਤ/2025311500-503 ਮਿਤੀ 24-10-2025

ਉਤਾਰਾ ਹੇਠ ਲਿਖਿਆ ਨੂੰ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਲੜੀ ਨੰ. 4 (1) ਲਈ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1.0 ਸਹਾਇਕ ਡਾਇਰੈਕਟ (ਸੇਵਾਵਾਂ-3)
2.0 ਸਹਾਇਕ ਡਾਇਰੈਕਟਰ (ਸਪ੍ਰ-1,2,3,4,5, ਵੋਕੇਸ਼ਨਲ)
3.0 ਰਜਿਸਟਰਾਰ ਸਿੱਖਿਆ ਵਿਭਾਗ ਅਤੇ ਸਹਾਇਕ ਰਜਿਸਟਰਾਰ ਸਿੱਖਿਆ ਵਿਭਾਗ
4.0 ਸਹਾਇਕ ਡਾਇਰੈਕਟਰ (ਅਮਲਾ-1,2 ਪ੍ਰਾਇਮਰੀ ਦਫਤਰ ਵਿਖੇ)

24.10.25

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

Page 1 of 2

**ਨੰ. ਟੀ.ਏ./ਡੀ.ਡੀ.ਆਈ./ਡੀ-2/2025/** 8805

**ਪੰਜਾਬ ਸਰਕਾਰ, ਵਿੱਤ ਵਿਭਾਗ,**

**(ਖਜ਼ਾਨਾ ਤੇ ਲੇਖਾ ਸ਼ਾਖਾ)**

**ਵਿੱਤ ਤੇ ਯੋਜਨਾ ਭਵਨ, ਪਲਾਟ ਨੰ. 2-ਬੀ,**

**ਸੈਕਟਰ-33-ਏ, ਚੰਡੀਗੜ੍ਹ।**

ਸੇਵਾ ਵਿਖੇ,

ਸਕੱਤਰ,
ਸਕੂਲ ਸਿੱਖਿਆ ਵਿਭਾਗ, ਪੰਜਾਬ।

ਮਿਤੀ ਚੰਡੀਗੜ੍ਹ, 13/10/2025

ਵਿਸ਼ਾ: **ਸਿਵਲ ਰਿੱਟ ਪਟੀਸ਼ਨ 15896 ਆਫ 2023-ਸੌਰਭ ਸ਼ਰਮਾ ਬਨਾਮ ਪੰਜਾਬ ਸਰਕਾਰ ਵਿੱਚ ਹੋਏ ਫੈਸਲੇ ਦੇ ਅਧਾਰ ਤੇ ਡਿਸਪੋਜ਼ ਆਫ ਹੋਏ/ਹੋ ਰਹੇ ਕੋਰਟ ਕੇਸਾਂ ਵਿੱਚ ਮਾਨਯੋਗ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਸਿੱਖਿਆ ਵਿਭਾਗ ਵੱਲੋਂ ਸਾਲ 2020 ਦੌਰਾਨ 3704 ਮਾਸਟਰ ਕੈਡਰ ਅਧਿਆਪਕਾਂ ਦੀ ਭਰਤੀ ਲਈ ਵਿਗਿਆਪਨ ਜਾਰੀ ਕੀਤੀ ਗਿਆ ਸੀ। ਇਨ੍ਹਾਂ ਅਧਿਆਪਕਾਂ ਦੀ ਨਿਯੁਕਤੀ ਸਾਲ 2021 ਵਿੱਚ ਕੀਤੀ ਗਈ। ਇਸ ਭਰਤੀ ਨਾਲ ਸਬੰਧਤ CWP No. 19204 of 2024 titled Davinder Singh Khera and Others vs. State of Punjab & Others ਵਿੱਚ ਪਾਸ ਕੀਤੇ ਗਏ ਸਪੀਕਿੰਗ ਆਰਡਰ ਨੰ. 475405-ESTT-4(1) ਮਿਤੀ 09.07.2025 ਰਾਹੀਂ ਇਨ੍ਹਾਂ ਪਟੀਸ਼ਨਰ ਕਰਮਚਾਰੀਆਂ ਨੂੰ 5ਵੇਂ ਪੇ ਕਮਿਸ਼ਨ ਅਨੁਸਾਰ (ਪੇ ਸਕੇਲ 10300-34800+Grade Pay Rs.5000) ਤਨਖਾਹ ਦੇਣ ਦੇ ਹੁਕਮ ਕੀਤੇ ਗਏ ਸਨ। ਇਸ ਉਪਰੰਤ ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ ਵੱਲੋਂ ਵੀ ਮੀਮੋ ਨੰ. 763213/2024/ESTT-4(1)/2025213717 ਮਿਤੀ 24.07.2025 ਰਾਹੀਂ ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ.) ਨੂੰ ਸੇਧ ਜਾਰੀ ਕਰਦੇ ਹੋਏ ਉਕਤ ਕੇਸਾਂ ਵਿੱਚ ਪਟੀਸ਼ਨਰ ਮਾਸਟਰ ਕਰਮਚਾਰੀਆਂ ਦੀ ਤਨਖਾਹ 5 ਵੇਂ ਪੇ ਕਮਿਸ਼ਨ ਅਨੁਸਾਰ (ਪੇ ਸਕੇਲ 10300-34800+Grade Pay Rs.5000) ਵਿੱਚ ਫਿਕਸ ਕਰਨ ਲਈ ਲਿਖਿਆ ਗਿਆ ਸੀ।

2. ਹੁਣ ਕੁਝ ਜ਼ਿਲਾ ਖਜਾਨਾ ਅਫਸਰਾਂ ਵੱਲੋਂ ਇਸ ਦਫਤਰ ਦੇ ਧਿਆਨ ਵਿੱਚ ਲਿਆਇਆ ਹੈ ਕਿ ਉਪਰੋਕਤ 3704 ਅਧਿਆਪਕ ਭਰਤੀ ਨਾਲ ਸਬੰਧਤ ਕੁਝ ਅਧਿਆਪਕਾਂ ਦੀ 5 ਵੇਂ ਪੇ ਕਮਿਸ਼ਨ ਵਿੱਚ ਤਨਖਾਹ ਫਿਕਸ ਕਰਕੇ, ਇਸ ਨੂੰ 6 ਵੇਂ ਪੇ ਕਮਿਸ਼ਨ ਅਨੁਸਾਰ ਰੀਵਾਈਜ਼ ਕਰਦੇ ਹੋਏ, ਵਾਧੂ ਤਨਖਾਹ ਦੇਣ ਸਬੰਧੀ ਬਿਲ ਖਜ਼ਾਨਾ ਦਫਤਰਾਂ ਵਿਖੇ ਸਬਮਿਟ ਕਰਵਾਏ ਜਾ ਰਹੇ ਹਨ ਅਤੇ ਅਧਿਆਪਕ ਯੂਨੀਅਨਾਂ ਵੱਲੋਂ ਖਜ਼ਾਨਾਂ ਅਫਸਰਾਂ ਤੇ ਇਹ ਬਿਲ ਕਲੀਅਰ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ।

3. ਵਿੱਤ ਵਿਭਾਗ ਵੱਲੋਂ ਪੱਤਰ ਨੰ. FD-FP-10CC(COCP)/10/2025-3FP1/1214672 ਮਿਤੀ 03.10.2025 ਰਾਹੀਂ ਹਦਾਇਤ ਕੀਤੀ ਗਈ ਹੈ ਕਿ ਅਜਿਹੇ ਕੇਸਾਂ ਵਿੱਚ ਪਟੀਸ਼ਨਰਾਂ ਦੀ ਨਿਯੁਕਤੀ ਸਮੇਂ ਉਨ੍ਹਾਂ ਦੇ ਵਿਭਾਗੀ ਸੇਵਾ ਨਿਯਮਾਂ ਵਿੱਚ ਦਰਜ ਸਕੇਲਾਂ ਅਨੁਸਾਰ ਤਨਖਾਹ ਫਿਕਸ ਕਰਨ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇ।

4. ਇਸ ਲਈ ਆਪਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦੇ ਹੋਏ ਹੇਠ ਅਨੁਸਾਰ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇ ਜੀ:-

(1) ਸਿੱਖਿਆ ਵਿਭਾਗ ਵੱਲੋਂ ਇਸ ਮਾਮਲੇ ਦੀ ਪੜਤਾਲ ਕਰਵਾਈ ਜਾਵੇ ਅਤੇ ਜਿਨ੍ਹਾਂ ਡੀ.ਡੀ.ਓਜ਼ ਵੱਲੋਂ ਵਿੱਤ ਵਿਭਾਗ ਅਤੇ ਸਿੱਖਿਆ ਵਿਭਾਗ ਦੀ ਹਦਾਇਤਾਂ ਦੀ ਉਲੰਘਣਾ ਕਰਦੇ ਹੋਏ, ਗਲਤ ਤਨਖਾਹ ਫਿਕਸ ਕਰਕੇ, ਬਿਲ ਖਜ਼ਾਨਾ ਦਫਤਰਾਂ ਵਿਖੇ ਸਬਮਿਟ ਕਰਵਾਏ ਗਏ ਹਨ, ਉਨ੍ਹਾਂ ਦੇ ਖਿਲਾਫ ਬਣਦੀ ਅਨੁਸ਼ਾਸਨਿਕ ਕਾਰਵਾਈ ਕੀਤੀ ਜਾਵੇ ਅਤੇ ਸਮੂਹ ਡੀ.ਡੀ.ਓਜ਼ ਨੂੰ ਹਦਾਇਤ ਕੀਤੀ ਜਾਵੇ ਕਿ ਉਹਨਾਂ ਵੱਲੋਂ ਸਿੱਖਿਆ ਵਿਭਾਗ ਵਿਖੇ ਹੋਈਆਂ ਵੱਖ-ਵੱਖ ਭਰਤੀਆਂ ਸਬੰਧੀ ਪਟੀਸ਼ਨਰਾਂ ਦੇ ਵਿੱਤ ਵਿਭਾਗ ਵੱਲੋਂ ਪਤੱਰ ਨੰ. FD-FP-10CC(COCP)/10/2025-3FP1/1214672 ਮਿਤੀ 03.10.2025 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਹੀ ਤਨਖਾਹ ਬਿਲ ਤਿਆਰ ਕਰਕੇ ਖਜ਼ਾਨਾ ਦਫਤਰਾਂ ਵਿਖੇ ਸਬਮਿਟ ਕਰਵਾਏ ਜਾਣ।

(2) ਸਿੱਖਿਆ ਵਿਭਾਗ ਵੱਲੋਂ ਸਮੂਹ ਡੀ.ਡੀ.ਓਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਅਜਿਹੇ ਕੇਸਾਂ ਵਿੱਚ ਸਬੰਧਤ ਕਰਮਚਾਰੀਆਂ ਦੇ ਤਨਖਾਹ ਬਿਲ ਖਜ਼ਾਨਾ ਦਫਤਰਾਂ ਨੂੰ ਭੇਜਦੇ ਸਮੇਂ ਡੀ.ਡੀ.ਓ. ਵੱਲੋਂ ਸਬੰਧਤ ਤਨਖਾਹ ਬਿਲ ਨਾਲ ਸਰਟੀਫਿਕੇਟ ਅਨੁਲੱਗ-ੳ (ਕਾਪੀ ਨੱਥੀ) ਨੱਥੀ ਕਰਨਾ ਯਕੀਨੀ ਬਣਾਇਆ ਜਾਵੇ।

ਡਿਪਟੀ ਡਾਇਰੈਕਟਰ (ਪੜਤਾਲ)
ਵਾ. ਵਧੀਕ ਮੁੱਖ ਸਕੱਤਰ, ਵਿੱਤ।

ਪਿਠ-ਅੰਕਣ ਨੰ. ਟੀ.ਏ./ਡੀ.ਡੀ.ਆਈ./ਡੀ-2/2025/8806 ਮਿਤੀ ਚੰਡੀਗੜ੍ਹ, 13/10/2025

ਉਤਾਰਾ ਸਮੂਹ ਜ਼ਿਲਾ ਖਜ਼ਾਨਾ ਅਫਸਰਾਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ (ਪੜਤਾਲ)
ਵਾ. ਵਧੀਕ ਮੁੱਖ ਸਕੱਤਰ, ਵਿੱਤ।

ਅਨੁਲੱਗ- ੳ

**ਸਰਟੀਫਿਕੇਟ**

ਤਸਦੀਕ ਕੀਤਾ ਜਾਂਦਾ ਹੈ ਕਿ ਸਿਵਲ ਰਿੱਟ ਪਟੀਸ਼ਨ 15896 ਆਫ 2023-ਸੌਰਭ ਸ਼ਰਮਾ ਬਨਾਮ ਪੰਜਾਬ ਸਰਕਾਰ ਵਿੱਚ ਹੋਏ ਫੈਸਲੇ ਦੇ ਅਧਾਰ ਤੇ ਡਿਸਪੋਜ਼ ਆਫ ਹੋਏ/ਹੋ ਰਹੇ ਕੋਰਟ ਕੇਸਾਂ ਵਿੱਚ ਮਾਨਯੋਗ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਸਬੰਧੀ, ਵਿੱਤ ਵਿਭਾਗ ਦੀਆਂ ਹਦਾਇਤਾਂ ਨੰ. FD-FP-10CC(COCP)/10/2025-3FP1/1214672 ਮਿਤੀ 03.10.2025 ਵਿੱਚ ਕੀਤੇ ਉਪਬੰਧਾਂ ਅਨੁਸਾਰ ਵਿਭਾਗੀ ਸੇਵਾ ਨਿਯਮਾਂ ਵਿੱਚ ਦਰਜ ਸਕੇਲਾਂ ਅਨੁਸਾਰ ਹੀ ਤਨਖਾਹ ਬਿਲ ਨੰ. ................................ ਮਿਤੀ ............ ਵਿੱਚ ਦਰਜ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀ ਤਨਖਾਹ ਡਰਾਅ ਕਰਵਾਈ ਜਾ ਰਹੀ ਹੈ, ਜੇਕਰ ਕਿਸੇ ਤਰ੍ਹਾਂ ਦੀ ਤਰੁੱਟੀ ਪਾਈ ਜਾਂਦੀ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਨਿਮਨਹਸਤਾਖਰ ਦੀ ਹੋਵੇਗੀ।

ਮਿਤੀ ................

ਸਥਾਨ ...............

ਡੀ.ਡੀ.ਓ. ਦਾ ਨਾਮ ...........................

ਡੀ.ਡੀ.ਓ. ਕੋਡ ................................

ਦਫਤਰ ਦਾ ਨਾਮ .............................

ਵਿਭਾਗ ਦਾ ਨਾਮ .............................